

## ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਨੂੰ....

ਸਾਨੂੰ ਸਭ ਯਾਦ ਹੈ ਦੋਸਤਾ
ਸਾਨੂੰ ਸਭ ਯਾਦ ਹੈ
ਅਸੀਂ ਭੁੱਲੇ ਨਹੀਂ
.........ਤੇਰਾ ਕੇਸਰੀ ਦੁਮਾਲਾ
ਤੇਰਾ ਨਿਹੰਗ ਬਾਣਾ
ਤੇਰੇ ਮੋਢੇ ਦੀ ਰਾਈਫਲ ਤੇਰਾ ਠਾਠ ਨਾਲ ਤੁਰਨਾ
ਤੇ ਮਿੱਠਾ-ਮਿੱਠਾ ਮੁਸਕਰਾਣਾ
ਸਾਨੂੰ ਸਭ ਯਾਦ ਹੈ ਦੋਸਤਾ
.........ਸਾਨੂੰ ਸਭ ਯਾਦ ਹੈ
ਤੇਰੇ ਸਾਹਾਂ ਦੀ ਆਹਟ
ਤੇਰੇ ਹਿਰਦੇ ਦੀ ਧੜਕਨ
ਤੇਰਾ 'ਗੁਰੂ-ਗੁਰੂ' ਜਪਣਾ
ਖਾਤਰ ਗੁਰੂ ਦੀ ਤੇਰਾ ਕੰਢਿਆਂ 'ਤੇ ਤੁਰਨਾ
ਤੇਰਾ ਖੰਡੇ 'ਤੇ ਨੱਚਣਾ
ਸਾਨੂੰ ਸਭ ਯਾਦ ਹੈ ਦੋਸਤਾ
.........ਸਾਨੂੰ ਸਭ ਯਾਦ ਹੈ
ਤੇਰਾ ਛੱਡ ਸੁੱਖ ਨੀਂਦਾਂ
ਸੰਘਰਸ਼ ਵਿਚ ਵੜਨਾ
ਤੇਰਾ ਕਰ ਕੇ ਹੌਸਲਾ
ਸਾਥੀਆਂ ਨਾਲ ਖੜਨਾ
ਖਾਤਰ ਗਰੀਬਾਂ-ਮਜ਼ਲੂਮਾਂ ਦੀ ਲੜਨਾ
ਸਾਨੂੰ ਸਭ ਯਾਦ ਹੈ ਦੋਸਤਾ
.........ਸਾਨੂੰ ਸਭ ਯਾਦ ਹੈ
ਸ਼ਹਾਦਤ ਦਾ ਦਿਨ ਤੇਰੀ ਬੀਤੀ ਹਯਾਤੀ
'ਕੱਲੇ-'ਕੱਲੇ ਯਾਦ ਨੇ ਤੇਰੇ ਸਾਰੇ ਸਾਥੀ
ਉਹ ਅਨੋਖ, ਮਨਮੋਹਨ ਜਿਹੇ ਬੱਬਰਾਂ ਦੇ ਚਿਹਰੇ
ਨਾਲ ਕਸ਼ਟਾਂ ਦੇ ਜੂਝੇ ਹੋਏ ਸਬਰਾਂ ਦੇ ਚਿਹਰੇ
ਸੁੱਲਖਣ, ਸੁਖਦੇਵ ਜਿਹੇ ਜਾਂਬਾਜ਼ਾਂ ਦੀ ਬਾਜ਼ੀ
ਸਿੱਖ ਰਾਜ ਖ਼ਾਤਰ ਭਰੀਆਂ ਪਰਵਾਜ਼ਾਂ ਦੀ ਬਾਜ਼ੀ
ਸਾਨੂੰ ਸਭ ਯਾਦ ਹੈ ਦੋਸਤਾ
.........ਸਾਨੂੰ ਸਭ ਯਾਦ ਹੈ
ਨਾ ਭੁੱਲੇ ਹਾਂ, ਨਾ ਭੁੱਲਾਂਗੇ ਤੁਹਾਡੀ ਕੁਰਬਾਨੀ
ਰੱਖਾਂਗੇ ਸਾਂਭ-ਸਾਂਭ ਹਰ ਕੀਮਤੀ ਨਿਸ਼ਾਨੀ
ਜੇ ਸਮੇਂ ਨੇ ਪਰਕਰਮਾ 'ਚੋਂ ਨਕਸ਼ ਮਿਟਾ ਦਿੱਤੇ
ਜਾਂ ਤੁਹਾਡੇ ਕਦਮਾਂ ਦੇ ਅਕਸ ਹਟਾ ਦਿੱਤੇ
ਦਿਲਾਂ 'ਚੋਂ ਉਹ ਕਿਵੇਂ ਮਿਟਾ ਸਕਣਗੇ....?
ਸਾਡੇ ਇਰਾਦੇ ਉਹ ਕਿਵੇਂ ਹਟਾ ਸਕਣਗੇ....?
ਤੁਹਾਡੀ ਛੇੜੀ ਹੋਈ ਹੱਕਾਂ ਦੀ ਜੰਗ ਲਈ ਲੜਾਂਗੇ
ਅਸੀਂ ਖ਼ਾਲਸਤਾਨ ਦੀ ਉਮੰਗ ਲਈ ਲੜਾਂਗੇ
ਕਿਉਂਕਿ, ਸਾਨੂੰ ਸਭ ਯਾਦ ਹੈ ਦੋਸਤਾ
.........ਸਾਨੂੰ ਸਭ ਯਾਦ ਹੈ

## ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਂ...

ਸੰਤਾਂ ਦੇ ਸੰਤ ਨੂੰ ਜਰਨੈਲਾਂ ਦੇ ਜਰਨੈਲ ਨੂੰ
ਸਲਾਮ! ਸਲਾਮ! ਸਲਾਮ!
ਤੇਰੀ ਸ਼ੇਰਾਂ ਵਰਗੀ ਤੋਰ ਨੂੰ
ਤੇਰੇ ਯੋਧਿਆਂ ਵਰਗੇ ਜੋਰ ਨੂੰ
ਤੇਰੇ ਬੋਲੇ ਹਰ ਇਕ ਬੋਲ ਨੂੰ
ਸਲਾਮ! ਸਲਾਮ! ਸਲਾਮ!
ਤੇਰੇ ਜਰਨਲ ਸਿੰਘ ਸੁਬੇਗ ਨੂੰ
ਤੇਰੇ ਅਮਰੀਕ ਸਿੰਘ ਦੇ ਵੇਗ ਨੂੰ
ਤੇਰੇ ਹਰਮਿੰਦਰ ਵਰਗੇ ਤੇਜ ਨੂੰ
ਸਲਾਮ! ਸਲਾਮ! ਸਲਾਮ!
ਤੇਰੇ ਹੱਥਾਂ ਵਿਚਲੇ ਤੀਰ ਨੂੰ
ਤੇਰੇ ਗਾਤਰੇ ਪਾਏ ਪੀਰ ਨੂੰ
ਤੇਰੇ ਹਰ ਇਕ ਯੋਧੇ ਬੀਰ ਨੂੰ
ਸਲਾਮ! ਸਲਾਮ! ਸਲਾਮ!
ਤੇਰੀ ਛੇੜੀ ਹੋਈ ਕਹਾਣੀ ਨੂੰ
ਤੇਰੀ ਬੋਲੀ ਹਰ ਇਕ ਬਾਣੀ ਨੂੰ
ਤੇਰੇ ਤਲਵਿੰਦਰ ਵਰਗੇ ਹਾਣੀ ਨੂੰ
ਸਲਾਮ! ਸਲਾਮ! ਸਲਾਮ!
ਤੇਰੇ ਮਾਨੋਚਾਹਲ ਜਿਹੇ ਸ਼ਾਇਰ ਨੂੰ
ਪਿੰਡੇ 'ਤੇ ਸਹਿ ਲਏ ਕਹਿਰ ਨੂੰ
ਤੇਰੇ ਕੀਤੇ ਹਰ ਇਕ ਫਾਇਰ ਨੂੰ
ਸਲਾਮ! ਸਲਾਮ! ਸਲਾਮ!
ਤੇਰੀ ਕੀਤੀ ਹਰ ਇਕ ਗੱਲ ਨੂੰ
ਤੇਰੀ ਮਾਰੀ ਹਰ ਇਕ ਮੱਲ ਨੂੰ
ਤੇਰੇ ਇਰਾਦੇ ਅਟੱਲ ਨੂੰ
ਸਲਾਮ! ਸਲਾਮ! ਸਲਾਮ!
ਸਲਾਮ! ਸਲਾਮ! ਸਲਾਮ!



## ਅਖੰਡ ਕੀਰਤਨੀ ਜਥਾ (ਚਲਦਾ ਵਹੀਰ)

ਅਤੇ **ਬ੍ਰਿਟਿਸ਼ ਸਿੱਖ ਕੌਂਸਲ (ਯੂ.ਕੇ.)**